# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)

ਕੰਡਕਟ

ਨੰ.....498............/ਕੰਡਕਟ
ਮਿਤੀ....13-10-2023.........

ਸਮੂਹ ਐਫੀਲੀਏਟਿਡ ਕਾਲਜਾਂ ਦੇ ਪ੍ਰਿੰਸੀਪਲ/ਇੰਚਾਰਜ਼ ਸਾਹਿਬਾਨ,

ਵਿਸ਼ਾ : ਦਸੰਬਰ 2023 ਦੀਆਂ ਪ੍ਰੀਖਿਆਵਾ ਦੀਆਂ ਡਿਊਟੀਆਂ ਲਈ ਟੀਚਿੰਗ ਸਟਾਫ਼ ਦਾ ਡਾਟਾ ਆਨ ਲਾਈਨ ਪੋਰਟਲ (ਪੈਨਲ) ਤੇ ਅਪਡੇਟ ਕਰਨ ਸਬੰਧੀ।

ਸ੍ਰੀਮਾਨ/ਸ੍ਰੀਮਤੀ ਜੀ

ਆਪ ਜੀ ਦਾ ਯੂਨੀਵਰਸਿਟੀ ਪ੍ਰੀਖਿਆਵਾ ਕਰਵਾਉਣ ਲਈ ਬਹੁਤ ਸਹਿਯੋਗ ਮਿਲਦਾ ਰਿਹਾ ਹੈ। ਦਸੰਬਰ 2023 ਦੀਆਂ ਯੂਨੀਵਰਸਿਟੀ ਪ੍ਰੀਖਿਆਵਾ ਲਈ ਆਪ ਜੀ ਦੇ ਪੂਰਨ ਸਹਿਯੋਗ ਦੀ ਆਸ ਰੱਖਦੇ ਹਾਂ।ਇਸ ਮੰਤਵ ਲਈ ਯੂਨੀਵਰਸਿਟੀ ਵਲੋਂ ਆਨ ਵਿਧੀ ਰਾਹੀਂ ਕਾਲਜ ਦੇ ਟੀਚਿੰਗ ਸਟਾਫ਼ ਦਾ ਡਾਟਾ (ਪੈਨਲ) ਭਰਵਾਇਆ ਗਿਆ ਹੈ। ਦਸੰਬਰ 2023 ਪ੍ਰੀਖਿਆਵਾਂ ਦੀਆਂ ਡਿਊਟੀਆਂ ਸਬੰਧੀ ਅਧਿਆਪਕਾ ਦੀ ਡਿਊਟੀ ਸਬੰਧੀ ਆਪਸ਼ਨ ਅਤੇ ਸਟੇਸ਼ਨ ਦੀ ਪਸੰਦ ਨੂੰ ਅਪਡੇਟ ਕੀਤਾ ਜਾਣਾ ਹੈ।

**ਕਾਲਜ ਇਸ ਗੱਲ ਨੂੰ ਯਕੀਨੀ ਬਣਾਏਗਾ ਕਿ ਸਾਰੇ ਟੀਚਿੰਗ ਸਟਾਫ਼ ( ਰੈਗੂਲਰ/ਐਡਹਾਕ/ ਕੰਟਰੈਕਟ/ਗੈਸਟ ਫੈਕਲਟੀ/ਰੀ ਇਪਲਾਇਡ) ਸਮੇਤ ਪ੍ਰਿੰਸੀਪਲ ਸਾਹਿਬਾਨ ਦਾ ਡਾਟਾ ਅਪਲੋਡ ਕਰ ਦਿੱਤਾ ਗਿਆ ਹੈ।** ਕਾਲਜ ਦੇ ਜਿਨ੍ਹਾਂ ਅਧਿਆਪਕਾਂ ਦਾ ਡਾਟਾ ਭਰਨ ਤੋਂ ਰਹਿੰਦਾ ਹੈ, ਅਪਲੋਡ ਕਰੇ।ਕਾਲਜ ਆਪਣੇ ਸਾਰੇ ਸਟਾਫ਼ ਵਿਚੋਂ ਘੱਟੋਂ ਘੱਟ 40 ਪ੍ਰਤੀਸ਼ਤ ਅਧਿਆਪਕਾ ਦੀ ਬਾਹਰ ਡਿਊਟੀ ਲਈ ਆਪਸ਼ਨ ਦੇਣਗੇ। ਅਧਿਆਪਕ ਸਾਹਿਬਾਨ ਡਿਊਟੀ ਲਈ ਤਿੰਨ ਸ਼ਹਿਰਾਂ ਲਈ ਡਿਊਟੀ ਆਪਸ਼ਨ ਦੇਣਗੇ।

ਕਾਲਜ ਵਲੋਂ ਡਾਟਾ ਭਰਨ/ਮੋਡੀਫਾਈ ਕਰਨ ਲਈ pupexamination.ac.in

a) Click on Staff login
b) Select College/Department
c) Enter User ID and password (College)
d) Click on Panel Management
e) ਇਸ ਸਟੈਪ ਤੋਂ ਬਾਅਦ ਕਾਲਜ ਨੂੰ ਰਜਿਸਟਰਡ ਸਟਾਫ਼ ਦਾ ਡਾਟਾ ਦਿਖਾਈ ਦੇਵੇਗਾ।ਇਸ ਵਿਚ ਕਾਲਜ ਕਿਸੇ ਸਟਾਫ਼ ਦੇ ਡਾਟਾ ਵਿਚ ਡਿਊਟੀ ਸਬੰਧੀ ਆਪਸ਼ਨ ਨੂੰ ਬਦਲ ਸਕਦਾ ਹੈ।ਜੇਕਰ ਕੋਈ ਕਾਲਜ ਪਿਛਲੀ ਆਪਸ਼ਨ ਨੂੰ ਨਹੀਂ ਬਦਲਣਾ ਚਾਹੁੰਦਾ ਤਾਂ ਪਿਛਲੇ ਡਾਟਾ ਨੂੰ ਫਾਈਨਲ ਸਮਝ ਕੇ ਡਿਊਟੀਆਂ ਲਗਾ ਦਿੱਤੀਆਂ ਜਾਣਗੀਆਂ। ਅਧਿਆਪਕਾਂ ਦੇ ਡਾਟਾ ਦੇ ਵੇਰਵੇ ਸਬੰਧੀ ਸਾਰੀ ਜ਼ਿੰਮੇਵਾਰੀ ਸਬੰਧਿਤ ਕਾਲਜ ਦੀ ਹੋਵੇਗੀ।

ਇਸ ਨੂੰ ਅਤਿ ਜ਼ਰੂਰੀ ਸਮਝਿਆ ਜਾਵੇ ਜੀ ।

**ਸਹਾਇਕ ਰਜਿਟਰਾਰ (ਕੰਡਕਟ)**